Punjabi | ਪੰਜਾਬੀ

NSW STATE EMERGENCY SERVICE

# ਆਪਣੇ ਤੂਫ਼ਾਨ ਦੇ ਖ਼ਤਰੇ ਨੂੰ ਜਾਣੋ

## ਤੂਫ਼ਾਨ ਵੱਖ-ਵੱਖ ਤਰ੍ਹਾਂ ਦੇ ਖ਼ਤਰੇ ਪੈਦਾ ਕਰਦੇ ਹਨ

ਤੂਫ਼ਾਨ ਕਿਧਰੇ ਵੀ ਅਤੇ ਕਿਸੇ ਵੀ ਸਮੇਂ ਆ ਸਕਦੇ ਹਨ।

ਤੂਫ਼ਾਨ ਦੇ ਬਹੁਤ ਸਾਰੇ ਕੁਦਰਤੀ ਚਿੰਨ੍ਹ ਹਨ, ਉਦਾਹਰਨ ਲਈ:

- **ਬੱਦਲਾਂ ਦੀ ਗਰਜ ਅਤੇ ਅਸਮਾਨੀ ਬਿਜਲੀ**
- **ਨੁਕਸਾਨ ਪਹੁੰਚਾਉਣ ਵਾਲੀਆਂ ਹਨੇਰੀਆਂ**
- **ਤੇਜ਼, ਭਾਰੀ ਬਾਰਸ਼**
- **ਅਚਾਨਕ ਹੜ੍ਹ**
- **ਵੱਡੀਆਂ ਸ਼ਕਤੀਸ਼ਾਲੀ ਲਹਿਰਾਂ, ਸਮੁੰਦਰੀ ਲਹਿਰਾਂ ਦਾ ਉੱਚਾ ਉੱਠਣਾ, ਅਤੇ ਤੱਟਵਰਤੀ ਖੋਰ**
- **ਗੜੇ**



## ਤੂਫ਼ਾਨ ਵੱਡਾ ਨੁਕਸਾਨ ਕਰ ਸਕਦੇ ਹਨ



ਤੂਫ਼ਾਨ ਘਰਾਂ, ਕਾਰਾਂ ਅਤੇ ਹੋਰ ਜਾਇਦਾਦ ਨੂੰ ਨੁਕਸਾਨ ਪਹੁੰਚਾ ਸਕਦੇ ਹਨ



ਤੂਫ਼ਾਨ ਰੁੱਖਾਂ, ਟਾਹਣੀਆਂ ਅਤੇ ਬਿਜਲੀ ਦੀਆਂ ਤਾਰਾਂ ਦੇ ਡਿੱਗਣ ਦਾ ਕਾਰਨ ਬਣਦੇ ਹਨ



ਤੂਫ਼ਾਨ ਤੱਟਵਰਤੀ ਖੇਤਰਾਂ ਨੂੰ ਨੁਕਸਾਨ ਅਤੇ ਹੜ੍ਹਾਂ ਦਾ ਕਾਰਨ ਬਣਦੇ ਹਨ



ਤੂਫ਼ਾਨ ਬਿਜਲੀ, ਗੈਸ, ਸੰਚਾਰ ਅਤੇ ਸੁਰੱਖਿਅਤ ਪੀਣ ਵਾਲੇ ਪਾਣੀ ਤੱਕ ਬੰਦ ਹੋਣ ਦਾ ਕਾਰਨ ਬਣ ਸਕਦੇ ਹਨ



ਤੂਫ਼ਾਨ ਸੜਕਾਂ ਅਤੇ ਜਾਇਦਾਦਾਂ, ਨੀਵੇਂ ਇਲਾਕਿਆਂ, ਕੰਢਿਆਂ 'ਤੇ ਬਣੇ ਰਸਤਿਆਂ ਅਤੇ ਨਦੀਆਂ-ਨਾਲਿਆਂ ਵਿੱਚ ਹੜ੍ਹ ਆਉਣ ਦਾ ਕਾਰਨ ਬਣ ਸਕਦੇ ਹਨ

ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES** ਨੂੰ **132 500** 'ਤੇ ਫ਼ੋਨ ਕਰੋ।

**www.ses.nsw.gov.au/languages**

@NSWSES NSWSES NSWSES

NSW STATE EMERGENCY SERVICE

# ਆਪਣੇ ਤੂਫ਼ਾਨ ਦੇ ਖ਼ਤਰੇ ਨੂੰ ਜਾਣੋ



## ਤੂਫ਼ਾਨਾਂ ਲਈ ਤਿਆਰੀ ਕਰੋ

- ਜਿੱਥੇ ਤੁਸੀਂ ਰਹਿੰਦੇ ਹੋ, ਕੰਮ ਕਰਦੇ ਹੋ ਅਤੇ ਆਉਂਦੇ-ਜਾਂਦੇ ਹੋ, ਆਪਣੀਆਂ ਮੋਬਾਈਲ ਡਿਵਾਈਸਾਂ 'ਤੇ **ਹੈਜ਼ਰਡਜ਼ ਨੀਅਰ ਮੀ (Hazards Near Me)** ਐਪ ਨੂੰ ਡਾਊਨਲੋਡ ਕਰੋ ਅਤੇ ਉਹਨਾਂ ਇਲਾਕਿਆਂ ਲਈ **ਚੌਕਸੀ ਵਾਲੇ ਖੇਤਰ (ਵਾਚ ਜ਼ੋਨ)** ਬਣਾਓ।
- ਆਪਣੇ ਪਰਨਾਲੇ, ਵਿਹੜੇ, ਬਾਲਕੋਨੀ ਅਤੇ ਛੱਤ ਨੂੰ ਸਾਫ਼-ਸੁਥਰਾ ਅਤੇ ਚੰਗੀ ਮੁਰੰਮਤ ਵਾਲੀ ਹਾਲਤ ਵਿੱਚ ਰੱਖੋ।
- ਯਕੀਨੀ ਬਣਾਓ ਕਿ ਤੁਹਾਡੇ ਕੋਲ ਸਹੀ ਬੀਮਾ ਹੈ।

## ਐਮਰਜੈਂਸੀ ਕਿੱਟ ਤਿਆਰ ਕਰੋ

ਤੁਹਾਡੀ ਐਮਰਜੈਂਸੀ ਕਿੱਟ ਵਿੱਚ ਇਹ ਸਭ ਹੋਣਾ ਚਾਹੀਦਾ ਹੈ:

- ਵਾਧੂ ਬੈਟਰੀਆਂ ਦੇ ਨਾਲ ਚੁੱਕਵਾਂ (ਪੋਰਟੇਬਲ) ਰੇਡੀਓ
- ਵਾਧੂ ਬੈਟਰੀਆਂ (ਸੈੱਲਾਂ) ਸਮੇਤ ਟਾਰਚ
- ਮੋਮਬੱਤੀਆਂ ਅਤੇ ਪਾਣੀ ਨਾਲ ਨਾ ਭਿੱਜਣ ਵਾਲਿਆਂ ਮਾਚਿਸਾਂ
- ਮੁੱਢਲੀ ਸਹਾਇਤਾ (ਫ਼ਸਟ ਏਡ) ਕਿੱਟ (ਤੁਹਾਡੇ ਪਰਿਵਾਰ ਲਈ ਲੋੜੀਂਦੀਆਂ ਚੀਜ਼ਾਂ ਦੇ ਨਾਲ)
- ਐਮਰਜੈਂਸੀ ਸੰਪਰਕ ਨੰਬਰਾਂ ਸਮੇਤ ਮਹੱਤਵਪੂਰਨ ਕਾਗਜ਼ਾਤ
- ਸਾਰੀਆਂ ਐਮਰਜੈਂਸੀ ਯੋਜਨਾਵਾਂ ਦੀ ਨਕਲ
- ਕੀਮਤੀ ਚੀਜ਼ਾਂ ਲਈ ਵਾਟਰਪ੍ਰੂਫ਼ ਬੈਗ (ਪਾਣੀ ਨਾਲ ਭਿੱਜਣ ਤੋਂ ਬਚਾਉਣ ਵਾਲਾ ਝੋਲਾ)

ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES** ਨੂੰ **132 500** 'ਤੇ ਫ਼ੋਨ ਕਰੋ।

**www.ses.nsw.gov.au/languages**

@NSWSES NSWSES NSWSES